## ਅਸੀਂ ਹੋਰ ਕੀ ਕੁੱਝ ਪੇਸ਼ ਕਰ ਸਕਦੇ ਹਾਂ?

- ਜਾਣਕਾਰੀ ਲੀਫਲੈਟਸ ਅਤੇ ਫੈਕਟਸ਼ੀਟਾਂ।
- ਸਪੈਸ਼ਲ ਨੀਡਜ ਸਿਸਟਮ ਬਾਰੇ ਜਾਣਕਾਰੀ ਸੈਸ਼ਨਜ – ਦਫਤਰ ਨਾਲ ਸੰਪਰਕ ਕਰੋ।
- ਬਾਕਾਇਦਾ ਨਿਊਜ਼ਲੈਟਰ।
- ਸਪੈਸ਼ਲ ਐਜੁਕੇਸ਼ਨਲ ਨੀਡਜ ਵਿਚਾਰ ਵਟਾਂਦਰੇ ਵਿਚ ਸ਼ਾਮਲ ਹੋਣ ਦਾ ਮੌਕਾ।
- ਦੂਸਰੀਆਂ ਬੋਲੀਆਂ ਅਤੇ ਸ਼ਕਲਾਂ ਵਿਚ ਜਾਣਕਾਰੀ।
- ਜੇ ਲੋੜ ਹੋਵੇ ਤਾਂ ਅਸੀਂ ਤੁਹਾਡੇ ਲਈ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦੇ ਹਾਂ।

## ਜੇ ਤੁਸੀਂ ਡਰਬੀਸ਼ਾਇਰ ਵਿਚ ਰਹਿੰਦੇ ਹੋ ਤਾਂ ਅਸੀਂ ਇਹ ਕੁੱਝ ਵੀ ਪੇਸ਼ ਕਰ ਸਕਦੇ ਹਾਂ

**ਇਕਸਕਲਿਊਜਨ ਸੁਪੋਰਟ ਵਰਕਰਜ –** ਬੱਚੇ/ਨੌਜਵਾਨ ਨੂੰ ਗੈਰ-ਰਸਮੀ, ਮਣਿਆਦੀ ਜਾਂ ਸਥਾਈ ਤੌਰ ਤੇ ਸਕੂਲੋਂ ਕੱਢੇ ਜਾਣ ਤੇ ਸਹਾਇਤਾ ਪੇਸ਼ ਕਰਨ ਲਈ।

**ਚਾਈਸ ਐਡਵਾਈਜਰਜ –** ਤੁਹਾਡੇ ਬੱਚੇ ਦੀ ਐਜੁਕੇਸ਼ਨ ਦੌਰਾਨ ਦਾਖ਼ਲੇ ਅਤੇ ਸਕੂਲ ਬਦਲਣ ਸਬੰਧੀ ਸਲਾਹ, ਸਹਾਇਤਾ ਅਤੇ ਜਾਣਕਾਰੀ ਪੇਸ਼ ਕਰਨ ਲਈ।

ਜੇ ਤੁਹਾਨੂੰ ਇਹ ਲੀਫਲੈਟ ਵੱਡੇ ਅੱਖਰਾਂ ਵਿਚ ਚਾਹੀਦਾ ਹੈ ਤਾਂ ਸਾਡੇ ਨਾਲ ਸੰਪਰਕ ਕਰੋ:

**01246 273154**
**ਜਾਂ**
**01332 716930 ਤੇ**

## ਪੇਰੰਟ ਪਾਰਟਨਰਸ਼ਿਪ ਨਾਲ ਤੁਸੀਂ ਸੰਪਰਕ ਕਿਵੇਂ ਕਰ ਸਕਦੇ ਹੋ?

**ਜੇ ਤੁਸੀਂ ਡਰਬੀਸ਼ਾਇਰ ਵਿਚ ਰਹਿੰਦੇ ਹੋ ਤਾਂ ਸਾਡੇ ਨਾਲ ਇਸ ਪਤੇ ਤੇ ਸੰਪਰਕ ਕਰ ਸਕਦੇ ਹੋ -**

Parent Partnership
The Community Centre
School Board Lane
Brampton
CHESTERFIELD S40 1DD
**ਫੋਨ: 01246-273154 / 5**

**ਦਫਤਰੀ ਸਮੇਂ ਤੋਂ ਬਾਅਦ ਆਂਸਰਫੋਨ ਮੌਜੂਦ ਹੁੰਦਾ ਹੈ।**

ਈਮੇਲ: **parent.partnership@derbyshire.gov.uk**

**ਜੇ ਤੁਸੀਂ ਡਰਬੀ ਸਿਟੀ ਵਿਚ ਰਹਿੰਦੇ ਹੋ -**

c/o Middleton House
27 St. Mary's Gate
Derby
DE1 3NN

**ਫੋਨ: 01332 716930**
**ਫੈਕਸ: 01332 717645**

ਦਫਤਰੀ ਸਮੇਂ ਤੋਂ ਬਾਅਦ ਆਂਸਰਫੋਨ ਮੌਜੂਦ ਹੁੰਦਾ ਹੈ।

ਈਮੇਲ: parent.partnership@derby.gov.uk

**www.derbyshireparentpartnership.co.uk**

PUNJABI

# ਪੇਰੰਟ ਪਾਰਟਨਰਸ਼ਿਪ ਡਰਬੀ ਅਤੇ ਡਰਬੀਸ਼ਾਇਰ

Parent Partnership
Derby and Derbyshire

ਸਪੈਸ਼ਲ ਐਜੁਕੇਸ਼ਨਲ ਨੀਡਜ (ਵਿਸ਼ੇਸ਼ ਵਿਦਿਅਕ ਲੋੜਾਂ) ਵਾਲੇ ਬੱਚਿਆਂ ਅਤੇ ਨੌਜਵਾਨਾਂ ਦੇ ਮਾਪਿਆਂ ਅਤੇ ਦੇਕਭਾਲ ਕਰਨ ਵਾਲਿਆਂ ਵਾਸਤੇ ਮੁਫਤ, ਰਾਜ਼ਦਾਰ ਅਤੇ ਨਿਰਪੱਖ ਸਲਾਹ, ਸਹਾਇਤਾ ਅਤੇ ਸਹਿਯੋਗ

## ਕੀ ਤੁਹਾਨੂੰ ਸਾਡੀ ਮੱਦਦ ਦੀ ਲੋੜ ਹੈ?

- ਕੀ ਤੁਹਾਡੇ ਛੋਟੇ ਜਾਂ ਨੌਜਵਾਨ ਬੱਚੇ ਦੀਆਂ ਸਪੈਸ਼ਲ ਐਜੂਕੇਸਨਲ ਨੀਡਜ ਹਨ?
- ਕੀ ਤੁਸੀਂ ਆਪਣੇ ਫਿਕਰਾਂ ਬਾਰੇ ਕਿਸੇ ਨਾਲ ਗੱਲ ਕਰਨੀ ਚਾਹੁੰਦੇ ਹੋ?
- ਕੀ ਤੁਸੀਂ ਐਜੂਕੇਸ਼ਨ ਸਿਸਟਮ ਸਬੰਧੀ ਜਾਣਕਾਰੀ ਪ੍ਰਾਪਤ ਕਰਨੀ ਚਾਹੁੰਦੇ ਹੋ?
- ਕੀ ਤੁਹਾਨੂੰ ਆਪਣੇ ਬੱਚੇ ਦੇ ਸਕੂਲ ਤੱਕ ਪਹੁੰਚ ਕਰਨ, ਜਾਂ ਕਿਸੇ ਮੀਟਿੰਗ ਵਿਚ ਹਾਜ਼ਰ ਹੋਣ ਵਾਸਤੇ ਸਹਾਇਤਾ ਦੀ ਲੋੜ ਹੈ?
- ਕੀ ਤੁਹਾਨੂੰ ਆਪਣੇ ਵਿਚਾਰ ਪ੍ਰਗਟ ਕਰਨ ਵਿਚ ਮੁਸ਼ਕਲ ਪੇਸ਼ ਆਉਂਦੀ ਹੈ?
- ਕੀ ਤੁਸੀਂ ਸਪੈਸ਼ਲ ਨੀਡਜ ਦੇ ਪੇਪਰਵਰਕ ਸਬੰਧੀ ਉਲਝਣ ਵਿਚ ਹੋ?
- ਕੀ ਤੁਸੀਂ ਆਪਣੇ ਵਰਗੀ ਸਥਿਤੀ ਵਿਚਲੇ ਦੂਸਰੇ ਲੋਕਾਂ ਨਾਲ ਮਿਲਣਾ ਚਾਹੁੰਦੇ ਹੋ?
- ਕੀ ਤੁਸੀਂ ਸਹਾਇਤਾ ਅਤੇ ਸਲਾਹ ਪ੍ਰਾਪਤ ਕਰ ਸਕਣ ਦੇ ਹੋਰ ਸਾਧਨਾ ਬਾਰੇ ਜਾਨਣਾ ਚਾਹੁੰਦੇ ਹੋ?

**ਅਸੀਂ ਇਨ੍ਹਾਂ ਅਤੇ ਬਹੁਤ ਸਾਰੀਆਂ ਹੋਰ ਸਥਿਤੀਆਂ ਵਿਚ ਸਹਾਇਤਾ ਕਰ ਸਕਦੇ ਹਾਂ**

"ਸਹਾਇਤਾ, ਸਲਾਹ ਅਤੇ ਸਹਿਯੋਗ ਜੋ ਮੈਨੂੰ ਮਿਲਿਆ ਬਹੁਤ ਮੱਦਦਗਾਰ ਸੀ – ਇਸ ਨਾਲ ਮੇਰੇ ਵਿਚ ਅਗਲਾ ਕਦਮ ਉਠਾਉਣ ਦੀ ਹਿੰਮਤ ਪੈਦਾ ਹੋਈ"।

"ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਦੂਸਰੇ ਮਾਪਿਆਂ ਨੂੰ ਮੇਰੇ ਵਲੋਂ ਇਹ ਸਰਵਿਸ ਵਰਤਣ ਦਾ ਸੁਝਾਅ ਦਿੱਤਾ ਜਾਂਦਾ ਹੈ (ਕਈਆਂ ਨੂੰ ਇਹ ਸੁਝਾਅ ਜ਼ਾਤੀ ਤੌਰ ਤੇ ਦਿੱਤਾ ਵੀ ਗਿਆ ਹੈ)"।

## ਪੇਰੰਟ ਪਾਰਟਨਰਸ਼ਿਪ ਕਿਵੇਂ ਮੱਦਦ ਕਰ ਸਕਦੇ ਹਨ?

ਅਸੀਂ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਕਿਸੇ ਵੀ ਦਫਤਰ ਦੇ ਨੰਬਰ (ਪਿੱਛਲਾ ਸਫਾ ਦੇਖੋ) ਰਾਹੀਂ ਸਾਡੇ ਨਾਲ ਸਿੱਧਾ ਸੰਪਰਕ ਕਰਨ ਲਈ ਆਖਦੇ ਹਾਂ।

ਸਾਡੇ ਕੋਲ ਤੁਹਾਡੇ ਇਲਾਕੇ ਵਿਚ ਸੁਪੋਰਟ ਵਰਕਰਜ ਮੌਜੂਦ ਹਨ ਜੋ ਤੁਹਾਡੀ ਪੁੱਛਗਿੱਛ ਦਾ ਜਵਾਬ ਫੋਨ ਰਾਹੀਂ ਜਾਂ ਤੁਹਾਨੂੰ ਮਿਲਕੇ ਦੇ ਸਕਦੇ ਹਨ। ਲੋੜ ਹੋਵੇ ਤਾਂ ਅਸੀਂ ਹੋਮ ਵਿਜ਼ਿਟਸ ਦਾ ਪ੍ਰਬੰਧ ਵੀ ਕਰ ਸਕਦੇ ਹਾਂ।

## ਸਾਡੇ ਨਿਸ਼ਾਨੇ ਕੀ ਹਨ?

- ਬੱਚਿਆਂ ਦੀਆਂ ਵਿਅਕਤੀਗਤ ਲੋੜਾਂ ਦੀ ਪੂਰਤੀ ਨੂੰ ਯਕੀਨੀ ਬਣਾਉਣ ਲਈ ਕੰਮ ਵਿਚ ਤਾਲ-ਮੇਲ ਪੈਦਾ ਕਰਨਾ।
- ਮਾਪਿਆਂ, ਦੇਖਭਾਲ ਕਰਨ ਵਾਲਿਆਂ ਅਤੇ ਬੱਚਿਆਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਅਤੇ ਉਨ੍ਹਾਂ ਦੀ ਕਦਰ ਪੁਆਉਣ ਵਿਚ ਮੱਦਦ ਕਰਨੀ।
- ਜਾਣਕਾਰੀ ਅਤੇ ਸਹਿਯੋਗ ਪ੍ਰਦਾਨ ਕਰਨਾ ਤਾਂ ਕਿ ਮਾਪੇ ਅਤੇ ਦੇਖਭਾਲ ਕਰਨ ਵਾਲੇ ਆਪਣੇ ਬੱਚੇ ਵਾਸਤੇ ਸੁਲਝੇ ਹੋਏ ਫੈਸਲੇ ਕਰ ਸਕਣ।

***"ਪਾਰਟਨਰਸ਼ਿਪ... ਸਪੈਸ਼ਲ ਐਜੂਕੇਸ਼ਨਲ ਨੀਡਜ ਵਾਲੇ ਬੱਚਿਆਂ ਅਤੇ ਨੌਜਵਾਨਾ ਨੂੰ ਆਪਣੀ ਸੰਭਾਵੀ ਯੋਗਤਾ ਅਨੁਸਾਰ ਪ੍ਰਾਪਤੀਆਂ ਕਰ ਸਕਣ ਯੋਗ ਬਣਾਉਣ ਵਾਸਤੇ ਜ਼ਰੂਰੀ ਹੈ"***

ਐਸ.ਈ.ਐਨ. ਕੋਡ ਆਫ ਪ੍ਰੈਕਟਿਸ 2:1